ਪੰਜਾਬ ਰਾਜ ਬਿਜਲੀ ਬੋਰਡ
(ਦਫਤਰ: ਮੁੱਖ ਲੇਖਾ ਅਫਸਰ/ਪੈਨਸ਼ਨ ਭਾਗ)

18/3/10

ਵੱਲ

1) ਸਾਰੇ ਇੰਜੀਨੀਅਰ-ਇਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ ਸਮੇਤ ਹਾਈਡਲ।
2) ਸਾਰੇ ਉਪ ਮੁੱਖ ਇਜੀਨੀਅਰ/ਨਿਗਰਾਨ ਇੰਜੀਨੀਅਰ/ਸਾਰੇ ਡਾਇਰੈਕਟਰਜ਼/ਡਿਪਟੀ ਡਾਇਰੈਕਟਰਜ਼।
3) ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰਜ/ਆਰ.ਈਜ਼
4) ਸਾਰੇ ਮੁੱਖ ਲੇਖਾ ਅਫਸਰ/ਮੁੱਖ ਸੀ.ਸੀ.ਆਰ/ਮੁੱਖ ਪੜਤਾਲਕਾਰ/ਵਿਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ, ਉਪ ਮੁੱਖ ਪੜਤਾਲਕਾਰ, ਉਪ ਵਿਤ ਸਲਾਹਕਾਰ ਅਤੇ ਲੇਖਾ ਅਫਸਰ ਫੀਲਡਜ਼/ਸਾਰੇ ਲੇਖਾ ਅਫਸਰ ਫੀਲਡਜ਼/ਸਾਰੇ ਲੇਖਾ ਅਫਸਰ/ਪ੍ਰੀਆਡਿਟ।
5) ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ/ਨਿੱਜੀ ;ਸਕੱਤਰ।
6) ਸਾਰੇ ਹੈਡ ਆਫ ਦੀ ਸੈਕਸ਼ਨਜ਼ (HO) ਅਤੇ ਸੁਪਰਡੈਂਟ ਮੰਡਲ ਲੇਖਾ (ਫੀਲਡ)

ਮੀਮੋ ਨੰਬਰ..999/1599...../ਓ.ਮੁ.ਲੇ.ਅ./ਪੀ ਤੇ ਐਫ

ਮਿਤੀ: 18-3-2010

ਵਿਸ਼ਾ:- ਮਿਤੀ 1.1.06 ਤੋਂ ਬਾਅਦ ਰਿਟਾਇਰ ਹੋਏ ਕਰਮਚਾਰੀਆਂ/ਅਧਿਕਾਰੀਆਂ ਦੀ ਐਡੀਸ਼ਨਲ/ਰਿਵਾਇਜ਼ਡ ਕਮੁਟੇਸ਼ਨ ਦੀ ਅਦਾਇਗੀ ਸਬੰਧੀ।

ਸਕੱਤਰ/ਪੰ:ਰਾ:ਬਿ:ਬੋ:, (ਵਿੱਤ ਭਾਗ) ਦੇ ਵਿਤ ਸਰਕੂਲਰ ਨੰਬਰ 18/09 (ਨਿਯਮ 6.3) ਅਨੁਸਾਰ ਰਿਟਾਇਰੀ ਨੂੰ ਇਹ ਆਪਸ਼ਨ ਹੈ ਕਿ ਉਹ ਸੋਧੀ ਪੈਨਸ਼ਨ ਅਨੁਸਾਰ ਐਡੀਸ਼ਨਲ ਕਮੁਟੇਸ਼ਨ ਦੇ ਲਈ ਬੇਨਤੀ ਕਰ ਸਕਦਾ ਹੈ।

ਇਸ ਸਬੰਧ ਵਿਚ ਰਿਟਾਇਰੀ ਆਪਣੇ ਰਿਵਾਇਜਡ ਪੈਨਸ਼ਨ ਕੇਸ ਦੇ ਨਾਲ ਹੇਠ ਲਿਖੇ ਅਨੁਸਾਰ ਸਬੰਧਤ ਦਫਤਰ ਜਿਥੋਂ ਉਹ ਰਿਟਾਇਰ ਹੋਇਆ ਹੈ, ਰਾਹੀਂ ਪ੍ਰਤੀ ਹਸਤਾਖਰਿਤ ਆਪਸ਼ਨ /ਅੰਡਰਟੇਕਿੰਗ ਭੇਜੇ ਉਸ ਉਪਰੰਤ ਹੀ ਐਡੀਸ਼ਨਲ ਕਮੁਟੇਸ਼ਨ ਦੇ ਕੇਸ ਨਜਿਠੇ ਜਾਣਗੇ।

## "ਅਡੀਸ਼ਨਲ ਕਮੁਟੇਸ਼ਨ ਲਈ ਆਪਸ਼ਨ/ਅੰਡਰਟੇਕਿੰਗ"

**ਮੈਂ ਬੋਰਡ ਦੇ ਵਿਤ ਸਰਕੂਲਰ ਨੰਬਰ 18/09) ਅਨੁਸਾਰ ਐਡੀਸ਼ਨਲ ਕਮੁਟੇਸ਼ਨ ਲੈਣ ਹਿਤ ਆਪਸ਼ਨ ਦਿੰਦਾ ਹਾਂ ਅਤੇ ਇਹ ਅੰਡਰਟੇਕਿੰਗ ਦਿੰਦਾ ਹਾਂ ਕਿ ਨਿਰਧਾਰਿਤ ਕਮੁਟੇਸ਼ਨ ਦੀਆਂ ਬਣਦੀਆਂ ਸਾਰੀਆਂ ਕਿਸ਼ਤਾ ਸੀ.ਵੀ.ਓ ਜਾਰੀ ਹੋਣ ਵਾਲੇ ਮਹੀਨੇ ਤੋਂ ਅਦਾਇਗੀ ਮਹੀਨਾ ਤਕ, ਅਦਾਇਗੀ ਸਮੇਂ ਰਿਵਾਇਜਡ ਕੀਤੇ ਕਮੁਟੇਸ਼ਨ ਰਕਮ ਵਿਚੋਂ ਕੱਟ ਲਈਆਂ ਜਾਣ ਮੈਨੂੰ ਕੋਈ ਇਤਰਾਜ ਨਹੀਂ ਹੋਵੇਗਾ।**

**ਹਸਤਾਖਰ**
**ਨਾਮ--**
**ਰਿਟਾਇਰਮੈਂਟ ਸਮੇਂ ਅਹੁਦਾ**
**ਪੈਨਸ਼ਨ ਫਾਇਲ ਨੰਬਰ**

**ਪ੍ਰਤੀ ਹਸਤਾਖਰ**

**(ਸਬੰਧਤ ਦਫਤਰ ਦੀ ਮੋਹਰ )**
**ਅਤੇ ਹਸਤਾਖਰ**

ਉਪਰੋਕਤ ਹਦਾਇਤਾਂ ਜਾਰੀ ਹੋਣ ਤੋਂ ਪਹਿਲਾਂ ਜਿਹੜੇ ਵਾਧੂ ਕਮੁਟੇਸ਼ਨ ਦੇ ਆਰਡਰ ਜਾਰੀ ਕੀਤੇ ਗਏ ਹਨ ਤੇ ਵੀ ਇਹ ਹਦਾਇਤਾਂ ਲਾਗੂ ਹਨ। ਰਿਟਾਇਰੀ ਤੋਂ ਅੰਡਰਟੇਕਿੰਗ ਪ੍ਰਾਪਤ ਕਰ ਲਈ ਜਾਵੇ ਜੀ।

ਇਹ ਹਦਾਇਤਾਂ ਮੈਂਬਰ ਵਿਤ ਅਤੇ ਲੇਖਾ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀਆਂ ਗਈਆਂ ਹਨ।

ਉਪ ਮੁੱਖ ਲੇਖਾ ਅਫਸਰ/ਪੀ ਤੇ ਐਫ,
ਪੰ:ਰਾ:ਬਿ:ਬੋ, ਪਟਿਆਲਾ।
18/3